# ਦੱਬਿਆ ਹੋਇਆ ਖਜਾਨਾ

ਇੱਕ ਵਾਰ ਇੱਕ ਕਿਸਾਨ ਸੀ। ਉਸਦੇ ਚਾਰ ਪੁੱਤਰ ਸਨ। ਉਹ ਸਾਰੇ ਬਹੁਤ ਹੀ ਸੁਸਤ ਸਨ। ਉਹ ਕੋਈ ਕੰਮ ਨਹੀ ਕਰਦੇ ਸਨ। ਕਿਸਾਨ ਬਹੁਤ ਉਦਾਸ ਰਹਿੰਦਾ ਸੀ। ਇੱਕ ਦਿਨ ਉਹ ਬਿਮਾਰ ਹੋ ਗਿਆ। ਉਸਨੇ ਆਪਣੇ ਪੁੱਤਰਾਂ ਨੂੰ ਬੁਲਾਇਆ। ਉਸਨੇ ਉਹਨਾਂ ਨੂੰ ਕਿਹਾ, ਮੇਰੇ ਕੋਲ ਇੱਕ ਖ਼ਜਾਨਾ ਹੈ। ਮੈਂ ਉਹ ਖੇਤ ਵਿੱਚ ਦੱਬਿਆ ਹੋਇਆ ਹੈ। ਕੁਝ ਦਿਨ ਬਾਅਦ ਕਿਸਾਨ ਮਰ ਗਿਆ। ਪਿਤਾ ਦੀ ਮੌਤ ਤੋਂ ਕੁਝ ਦਿਨ ਬਾਅਦ ਕਿਸਾਨ ਦੇ ਪੁੱਤਰ ਖੇਤ ਵਿੱਚ ਗਏ ਤੇ ਉਸਨੂੰ ਪੁੱਟਣਾ ਸ਼ੁਰੂ ਕਰ ਦਿੱਤਾ। ਉਹਨਾਂ ਨੇ ਖੇਤ ਨੂੰ ਬਹੁਤ ਡੂੰਘਾ ਪੁੱਟਿਆ ਪਰ ਉਹਨਾਂ ਨੂੰ ਕੁਝ ਨਾ ਮਿਲਿਆ। ਉਹ ਉਦਾਸ ਹੋ ਗਏ। ਖੇਤ ਦੇ ਨੇੜਿਉਂ ਇੱਕ ਆਦਮੀ ਲੰਘ ਰਿਹਾ ਸੀ। ਉਸਨੇ ਪੁੱਛਿਆ, ਤੁਸੀਂ ਉਦਾਸ ਕਿਉਂ ਹੋ? ਉਹਨਾਂ ਨੇ ਸਾਰੀ ਕਹਾਣੀ ਸੁਣਾਈ। ਉਸ ਆਦਮੀ ਨੇ ਉਹਨਾਂ ਨੂੰ ਖੇਤ ਵਿੱਚ ਕੋਈ ਫ਼ਸਲ ਬੀਜਣ ਦੀ ਸਲਾਹ ਦਿੱਤੀ। ਉਹਨਾਂ ਨੇ ਸਲਾਹ ਮੰਨ ਕੇ ਬੀਜ ਖੇਤ ਵਿੱਚ ਬੀਜ ਦਿੱਤੇ ਅਤੇ ਪਾਣੀ ਦੇ ਦਿੱਤਾ। ਕੁਝ ਸਮੇਂ ਬਾਅਦ ਉਹਨਾਂ ਦੀ ਫ਼ਸਲ ਬਹੁਤ ਵਧੀਆ ਹੋ ਗਈ। ਉਹਨਾਂ ਨੂੰ ਫ਼ਸਲ ਵੇਚ ਕੇ ਕਾਫੀ ਪੈਸੇ ਮਿਲੇ।

**ਸਿੱਖਿਆ: ਮਿਹਨਤ ਹਮੇਸ਼ਾ ਕੁਝ ਨਾ ਕੁਝ ਦਿੰਦੀ ਹੈ।**